**ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ,**
**ਸਮੱਗਰ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਲ, ਫ਼ੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**ਫ਼ੋਨ ਨੰ: 0172-5212329 ਈ-ਮੇਲ :ssaprocurement@punjabeducation.gov.in**

ਵੱਲ:

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਪੰਜਾਬ।

ਮੀਮੋ ਨੰ: ਸਸਅ/ਪ੍ਰੋਕ./2021-22/335030
ਮਿਤੀ : 30/09/2021

**ਵਿਸ਼ਾ: ਬਲਾਕ ਪੱਧਰ 'ਤੇ ਤਿਆਰ ਕੀਤੇ Smart Training Centres (STCs) ਦੀ ਵਰਤੋਂ ਤੇ ਸਾਂਭ-ਸੰਭਾਲ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖ਼ੇਚਲ ਕਰੋ ਜੀ।

2.0 ਵਿਸ਼ਾ-ਅੰਕਿਤ ਮਾਮਲੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਮੱਗਰ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ ਵੱਲੋਂ ਅਧਿਆਪਕਾਂ ਦੀ ਸਿਖ਼ਲਾਈ ਨੂੰ ਸੁਚਾਰੂ 'ਤੇ ਸੁਖਾਵਾਂ ਬਣਾਉਣ ਦੇ ਮਕਸਦ ਨਾਲ ਸਿੱਖਿਆ ਬਲਾਕ ਦਫ਼ਤਰਾਂ ਵਿੱਚ **Smart Training Centres (STCs)** ਤਿਆਰ ਕਰਵਾਏ ਗਏ ਹਨ।

3.0 ਇਹਨਾਂ ਸਿਖ਼ਲਾਈ ਕੇਂਦਰਾਂ ਵਿੱਚ ਸਮਾਰਟ ਕਲਾਸਰੂਮ ਦੀ ਤਰਜ਼ 'ਤੇ White & Green Board, Projector along with Micro PC, Sound System, Furniture, Podium, Table, Curtains, Wall Penalling ਅਤੇ ਜ਼ਰੂਰਤ ਅਨੁਸਾਰ Floor Tiles ਆਦਿ ਲਗਵਾਏ ਗਏ ਹਨ।

4.0 ਸੋ ਸਮੂਹ ਬੀ ਪੀ ਈ ਓ ਸਾਹਿਬਾਨ ਨੂੰ ਬੇਨਤੀ ਹੈ ਕਿ ਇਹਨਾਂ ਤਿਆਰ ਕਰਵਾਏ ਗਏ **Smart Training Centres (STCs)** ਦੀ ਸੁਯੋਗ ਵਰਤੋਂ ਅਤੇ ਸਾਂਭ-ਸੰਭਾਲ ਦੀ ਪੂਰੀ ਜ਼ਿੰਮੇਵਾਰੀ ਆਪ ਜੀ ਦੀ ਹੋਵੇਗੀ।

5.0 ਪਿਛਲੇ ਦਿਨੀਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੁੱਝ ਥਾਵਾਂ 'ਤੇ ਕੀਤੇ ਗਏ ਨਿਰੀਖਣ ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਕਈ ਬੀਪੀਈਓ ਸਾਹਿਬਾਨ ਟ੍ਰੇਨਿੰਗ ਸੈਂਟਰ ਦੀਆਂ ਕੁਰਸੀਆਂ ਤੇ ਮੇਜ਼ਾਂ ਦੀ ਵਰਤੋਂ ਆਪਣੇ ਦਫ਼ਤਰੀ ਕੰਮਾਂ ਲਈ ਕਰਦੇ ਪਾਏ ਗਏ ।

6.0 ਸੋ ਇਹਨਾਂ ਸਿਖ਼ਲਾਈ ਕੇਂਦਰਾਂ ਵਿੱਚ ਸਥਾਪਿਤ ਕੀਤੇ ਗਏ ਸਾਮਾਨ ਦੀ ਵਰਤੋਂ ਸਿਰਫ਼ ਟ੍ਰੇਨਿੰਗ ਦੇ ਮਕਸਦ ਲਈ ਕੀਤੀ ਜਾਵੇਗੀ। ਇਸ ਸਾਮਾਨ ਦੀ ਵਰਤੋਂ ਦਫ਼ਤਰੀ ਕੰਮਾਂ ਲਈ ਜਾਂ ਸਕੂਲ ਆਦਿਕ ਲਈ ਕਰਨ ਦੀ ਮਨਾਹੀ ਹੋਵੇਗੀ। ਭਵਿੱਖ ਵਿੱਚ ਜੇਕਰ ਕਿਸੇ ਬਲਾਕ ਵਿੱਚ ਅਜਿਹਾ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਬੀਪੀਈਓ ਦੀ ਹੋਵੇਗੀ।

7.0 ਉਕਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਖ਼ੇਚਲ ਕੀਤੀ ਜਾਵੇ ਜੀ।

**ਸਕੱਤਰ ਸਕੂਲ ਸਿੱਖਿਆ, ਪੰਜਾਬ।**

ਉਪਰੋਕਤ ਦਾ ਉਤਾਰਾ ਸਮੂਹ ਜ਼ਿਲਾ ਸਿੱਖਿਆ ਅਫਸਰ (ਐ.ਸਿ/ਸੈ.ਸਿ) ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।